بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 13.03.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 13 ਮਾਰਚ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਈਸਾ ਮਸੀਹ ਦੀ ਵਫ਼ਾਤ ਦੀ ਸਮੱਸਿਆ ਕੋਈ ਦ੍ਰਿਸ਼ਟੀਕੋਣ ਦੀ ਸਮੱਸਿਆ ਨਹੀਂ ਹੈ ਸਗੋਂ ਤੌਹੀਦ (ਇਕ ਈਸ਼ਵਰਵਾਦ) ਦੀ ਸਥਾਪਨਾ ਲਈ ਅਤਿਅੰਤ ਜ਼ਰੂਰੀ ਹੈ । ਹਜ਼ਰਤ ਮਸੀਹ ਮਊਦ ਅਲੈਹਿਸਲਾਮ ਫ਼ਰਮਾਉਂਦੇ ਹਨ ਕਿ ਇਸ ਸਮੱਸਿਆ ਨੇ ਇਸਲਾਮ ਨੂੰ ਅਤਿ ਹਾਨੀ ਪਹੁੰਚਾਈ ਹੈ ਅਤੇ ਜੱਦ ਤੱਕ ਅਸੀਂ ਇਸ ਨੂੰ ਪੀਹ ਨ ਛੱਡੀਏ ਸੁੱਖ ਦਾ ਸਾਹ ਨਹੀਂ ਲੈ ਸਕਦੇ । ਜੇਕਰ ਕੋਈ ਅਨੁਭਵ ਕਰਦਾ ਹੈ ਕਿ ਇਸ ਦੇ ਮਨ ਵਿੱਚ ਰੱਬ ਦਾ ਸਨੇਹ ਅਤੇ ਇਸਲਾਮ ਨੂੰ ਫੈਲਾਉਣ ਦੀ ਤਾਂਘ ਹੈ ਤਾਂ ਉਹ ਸਮਝ ਸਕਦਾ ਹੈ ਕਿ ਇਹ ਕੇਵਲ ਇਕ ਚਿੰਗਿਆੜੀ ਹੈ ਉਸ ਅੱਗ ਦੀ ਜੋ ਹਜ਼ੂਰ ਅਲੈਹਿ ਸਲਾਮ ਦੇ ਦਿਲ ਵਿੱਚ ਸੀ ।

ਤਸ਼ਹੁੱਦ, ਤਊਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਇਸ ਸਮੇਂ ਮੈਂ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੀਆਂ ਵਰਨਣ ਕੀਤੀਆਂ ਕੁਝ ਗੱਲਾਂ ਵਰਨਣ ਕਰਾਂਗਾ ਜਿੰਨ੍ਹਾਂ ਦਾ ਸਿੱਧਾ ਜਾਂ ਅਸਿੱਧਾ ਸੰਬੰਧ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਹੈ । ਉਹਨਾਂ ਤੋਂ ਬਹੁਤ ਸਾਰੀਆਂ ਗੱਲਾਂ ਸਿੱਖਿਆਂ ਯੋਗ੍ਰ ਸਾਹਮਣੇ ਆਉਂਦੀਆਂ ਹਨ ਜਿੰਨ੍ਹਾਂ ਤੋਂ ਅੱਜ ਕੱਲ ਵੀ ਆਪਣੇ ਮਾਰਗ ਨਿਰਧਾਰਤ ਕਰਨ ਲਈ ਮਾਰਗ ਦਰਸ਼ਨ ਮਿਲਦਾ ਹੈ ।

ਪਹਿਲੀ ਗੱਲ ਜੋ ਹੈ, ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਜੋ ਇਸਲਾਮ ਲਈ ਪ੍ਰਚਾਰ ਦਾ ਜੋਸ਼ ਸੀ ਜਿਸ ਦਾ ਪ੍ਰਭਾਵ ਉਹ ਆਪਣੀ ਜਮਾਤ ਦੇ ਲੋਕਾਂ ਉਪੱਰ ਵੀ ਦੇਖਣਾ ਚਾਹੁੰਦੇ ਸਨ ਇਸ ਬਾਰੇ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੇ ਵਿਚਾਰਾਂ ਦੀ ਗੱਲ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਪ੍ਰਚਾਰ ਕਰਨ ਬਾਰੇ ਅਦਭੁੱਤ ਵਿਚਾਰ ਆਇਆ ਕਰਦੇ ਸਨ ਅਤੇ ਉਹ ਦਿਨ ਰਾਤ ਇਸੇ ਚਿੰਤਾ ਵਿੱਚ ਰਹਿੰਦੇ ਸਨ ਕਿ ਇਹ ਸੰਦੇਸ਼ ਦੁਨੀਆ ਦੇ ਕੰਢਿਆਂ ਤੱਕ ਪਹੁੰਚ ਜਾਵੇ । ਇਕ ਵਾਰ ਆਪ ਨੇ ਵਿਉਂਤ ਕੀਤੀ ਕਿ ਸਾਡੀ ਜਮਾਤ ਦਾ ਵਰਦੀ ਹੀ ਵੱਖਰੀ ਹੁੰਦੀ ਤਾਂ ਜੋ ਹਰ ਮਨੁੱਖ ਆਪਣੇ ਆਪ ਹੀ ਪ੍ਰਚਾਰ ਬਣ ਜਾਵੇ ਅਰਥਾਤ ਇਹ ਪਛਾਣ ਬਣ ਜਾਵੇ ਕਿ ਇਹ ਅਹਮਦੀ ਹੈ । ਹੁਣ ਕੇਵਲ ਇਕ ਪਛਾਣ ਤਾਂ ਕੋਈ ਚੀਜ ਨਹੀਂ ਹੈ । ਨਿਸ਼ਚੇ ਹੀ ਆਪ ਦੀ ਇਹ ਇਛੱਾ ਹੋਵੇਗੀ ਕਿ ਇਸ ਪ੍ਰਕਾਰ ਜਿੱਥੇ ਇਕ ਵਰਦੀ ਦੇਖ ਕੇ ਅਤੇ ਫਿਰ ਕਰਮ ਰੂਪੀ ਤੇ ਆਸਥਾ ਦੀ ਅਵਸਥਾ ਦੇਖਕੇ ਹੋਰਨਾ ਦਾ ਧਿਆਨ ਵੀ ਹੋਵੇਗਾ ਅਤੇ ਆਪ ਵੀ ਅਹਿਸਾਸ ਰਹੇਗਾ ਕਿ ਮੈਂ ਇਕ ਅਹਮਦੀ ਦੇ ਰੂਪ ਵਿੱਚ ਪਛਾਣਿਆਂ ਜਾਵਾਂਗਾ ਇਸ ਲਈ ਮੈਂ ਆਪਣੇ ਕਰਮ ਰੂਪੀ ਅਤੇ ਆਸਥਾ ਰੂਪੀ ਅਵਸਥਾ ਨੂੰ ਠੀਕ ਵੀ ਰਖੱਣਾ ਹੈ । ਇਸ ਲਈ ਅੱਜ ਵੀ ਸਾਨੂੰ ਇਹ ਅਹਿਸਾਸ ਪੈਦਾ ਕਰਨ ਦੀ ਲੋੜ ਹੈ ਕਿ ਵਰਦੀ ਕੋਈ ਚੀਜ ਨਹੀਂ ਪਰ ਘੱਟ ਤੋਂ ਘੱਟ ਸਾਡੀਆਂ ਹਾਲਤਾਂ ਅਜਿਹੀਆਂ ਹੋਣ ਕਿ ਹਰ ਇਕ ਸਾਨੂੰ ਦੇਖ ਕੇ ਪਛਾਣ ਸਕੇ ਕਿ ਇਹ ਅਹਮਦੀ ਹੈ ਅਤੇ ਇਹ ਦੂਜਿਆਂ ਤੋਂ ਨਿਆਰਾ ਹੈ ।

ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਪ੍ਰਚਾਰ ਲਈ ਇਹ ਗੱਲ ਜ਼ਰੂਰੀ ਹੈ ਕਿ ਮੁਬਲੱਗ (ਪ੍ਰਚਾਰਕ) ਦੀ ਸ਼ਕਲ ਮੋਮਨਾ ਜਿਹੀ ਹੋਵੇ । ਫ਼ਰਮਾਇਆ ਕਿ ਇਸ ਲਈ ਮੈਂ ਖ਼ੁਦੱਮੁਲ ਅਹਮਦੀਆਂ ਨੂੰ ਧਿਆਨ ਦੁਆਉਂਦਾ ਹਾਂ ਕਿ ਉਹਨਾਂ ਦੀ ਜ਼ਾਹਿਰੀ ਸ਼ਕਲ ਇਸਲਾਮੀ ਤੋਰ ਤਰੀਕੇ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਆਪਣੀਆਂ ਦਾੜ੍ਹੀਆਂ ਵਿੱਚ

ਵਾਲਾਂ ਵਿੱਚ ਅਤੇ ਵਸਤਰਾਂ ਵਿੱਚ ਸਾਦਗੀ ਅਪਨਾਉਣੀ ਚਾਹੀਦੀ ਹੈ । ਇਸਲਾਮ ਤੁਹਾਨੂੰ ਸਾਫ਼ ਤੇ ਪਾਕ ਵਸਤਰ ਪਾਉਣ ਤੋਂ ਨਹੀਂ ਰੋਕਦਾ ਸਾਫ਼ ਲਿਬਾਸ ਹੋਵੇ ਸਵਛੱਤਾ ਹੋਵੇ, ਉਸ ਤੋਂ ਨਹੀਂ ਰੋਕਦਾ ਸਗੋਂ ਉਹ ਆਪ ਆਦੇਸ਼ ਦਿੰਦਾ ਹੈ ਕਿ ਤੁਸੀਂ ਜ਼ਾਹਿਰੀ ਸਫ਼ਾਈ ਨੂੰ ਧਿਆਨ ਵਿੱਚ ਰੱਖੋ ਅਤੇ ਗੰਦਗੀ ਦੇ ਨੇੜੇ ਵੀ ਨ ਜਾਓ ਪਰ ਵਸਤਰਾਂ ਵਿੱਚ ਕਸ਼ਟ ਅਪਨਾਉਣਾ ਮਨਾ ਹੈ । ਇਸ ਲਈ ਜੀਵਨ ਵਕਫ਼ ਕਰਨ ਵਾਲਿਆਂ ਲਈ ਇਸ ਵਿੱਚ ਸਿੱਖਿਆ ਹੈ, ਵਿਸ਼ੇਸ਼ ਤੌਰ'ਤੇ ਮੁਬਲੱਗਾਂ (ਪ੍ਰਚਾਰਕਾਂ) ਲਈ ਆਮ ਤੌਰ'ਤੇ ਸਾਰੀ ਜਮਾਤ ਲਈ ਵੀ ਜ਼ਾਹਿਰੀ ਰੱਖ ਰਖਾਓ ਉਪੱਰ ਐਨ੍ਹਾ ਧਿਆਨ ਨ ਦੇਣ ਕਿ ਮੂਲ ਮੰਤਵ ਹੀ ਭੁੱਲ ਜਾਵੇ ਜਾਂ ਕੁਝ ਅਜਿਹੇ ਹਨ ਜੋ ਪਵਿੱਤਰਤਾ ਦਾ ਖ਼ਿਆਲ ਵੀ ਨਹੀਂ ਰਖੱਦੇ, ਉਹਨਾਂ ਨੂੰ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਪਵਿੱਤਰਤਾ ਈਮਾਨ (ਆਸਥਾ) ਦਾ ਭਾਗ ਹੈ । ਇਸ ਲਈ ਹਰ ਮਾਮਲੇ ਵਿੱਚ ਸੰਤੁਲਨ ਹੋਣਾ ਚਾਹੀਦਾ ਹੈ ਨ ਏਧਰ ਝੁਕਾਓ ਹੋਵੇ ਨ ਓਧਰ ਝੁਕਾਓ ਹੋਵੇ ।

ਪ੍ਰਚਾਰ ਦੇ ਹਵਾਲੇ ਨਾਲ ਆਪ ਦੀ ਇਕ ਘਟੱਣਾ ਵਰਨਣ ਕਰਦੇ ਹਨ । ਆਪ ਦਿੱਲੀ ਗਏ ਤਾਂ ਆਪ ਫ਼ਰਮਾਉਂਦੇ ਹਨ ਕਿ ਮੈਂਨੂੰ ਚੇਤੇ ਹੈ, ਮੈਂ ਏਧਰ ਆਇਆ ਅਤੇ ਆਪਣੇ ਰਿਸਤੇਦਾਰਾਂ ਕੋਲ ਠਹਿਰਿਆ ਹੋਇਆ ਸੀ । ਹੈਦਰਾਬਾਦ ਦੇ ਇਕ ਰਿਸ਼ਤੇ ਦੇ ਭਾਈ ਵੀ ਸਾਡੀ ਰਿਸ਼ਤੇ ਦੀ ਇਸ ਨਾਨੀ ਕੋਲ ਮਿਲਣ ਲਈ ਆਏ ਹੋਏ ਸਨ, ਜਿੰਨ੍ਹਾ ਕੋਲ ਹਜ਼ਰਤ ਅਮੱਾਂ ਜਾਨ ਠਹਿਰੀ ਹੋਈ ਸਨ । ਉਹ ਮੈਂਨੂੰ ਕਹਿਣ ਲੱਗੇ, ਤੁਹਾਡੇ ਅਬੱਾ ਨੇ ਕੀ ਰੌਲਾ ਪਾਇਆ ਹੋਇਆ ਹੈ ਲੋਕ ਕਹਿੰਦੇ ਹਨ ਕਿ ਇਸਲਾਮ ਵਿਰੁਧ ਕਈ ਪ੍ਰਕਾਰ ਦੀਆਂ ਗਲੱਾਂ ਕਰਦੇ ਹਨ । ਹਜ਼ਰਤ ਮੁਸਲਿਹ ਮਊਦ ਕਹਿੰਦੇ ਹਨ ਕਿ ਉਸ ਸਮੇਂ ਮੇਰੀ ਉਮਰ ਛੋਟੀ ਸੀ ਪਰ ਬਜਾਏ ਇਸ ਦੇ ਕਿ ਮੈਂ ਘਬਰਾਵਾਂ ਕਿਉਂਕਿ ਮੈਂਨੂੰ ਵਫ਼ਾਤੇ ਮਸੀਹ ਦੀ ਬਹਿਸ ਚੰਗੀ ਤਰ੍ਹਾਂ ਚੇਤੇ ਸੀ ਮੈਂ ਵਫ਼ਾਤੇ ਮਸੀਹ ਬਾਰੇ ਗੱਲ ਕਰਨੀ ਸ਼ੁਰੂ ਕਰ ਦਿੱਤੀ । ਮੈਂ ਉਸ ਨਾਲ ਸੰਬੰਧਤ ਸਾਰਿਆਂ ਵਿਸ਼ਿਆਂ ਨੂੰ ਚੰਗੀ ਤਰ੍ਹਾਂ ਖੋਲ ਕੇ ਵਰਨਣ ਕੀਤਾ ਤਾਂ ਉਹ ਬਹੁਤ ਹੈਰਾਨ ਹੋਕੇ ਕਹਿਣ ਲੱਗੇ ਕਿ ਨਿਸ਼ਚੇ ਹੀ ਇਸ ਤੋਂ ਇਹੋ ਸਾਬਤ ਹੁੰਦਾ ਹੈ ਕਿ ਹਜ਼ਰਤ ਈਸਾ ਅਲੈਹਿ ਸਲਾਮ ਫ਼ੌਤ ਹੋ ਚੁਕੇ ਹਨ ਪਰ ਇਹ ਮੌਲਵੀ ਲੋਕ ਕਿਉਂ ਰੌਲਾ ਪਾਉਂਦੇ ਹਨ ? ਮੈਂ ਉਹਨਾਂ ਨੂੰ ਕਿਹਾ ਕਿ ਇਹ ਗੱਲ ਤਾਂ ਫਿਰ ਉਹਨਾਂ ਮੌਲਵੀਆਂ ਨੂੰ ਪੁੱਛੋ । ਪਰ ਨਾਨੀ ਦਾ ਪ੍ਰਤੀਕਰਮ ਕੀ ਹੋਇਆ । ਫ਼ਰਮਾਉਂਦੇ ਹਨ ਕਿ ਨਾਨੀ ਨੇ ਸ਼ੋਰ ਮਚਾ ਦਿੱਤਾ ਕਿ ਤੌਬਾ ਕਰੋ ਤੌਬਾ ਕਰੋ । ਇਸ ਬੱਚੇ ਦਾ ਬਿਗ਼ਾੜ ਪਹਿਲਾਂ ਹੀ ਇਹਨਾਂ ਗੱਲਾਂ ਨੂੰ ਸੁਣ ਸੁਣ ਕੇ ਖ਼ਰਾਬ ਹੋਇਆ ਹੋਇਆ ਸੀ ਤੁਸੀਂ ਤਸਦੀਕ ਕਰਕੇ ਉਸ ਨੂੰ ਕੁਫ਼ਰ'ਤੇ ਪਕੱਾ ਕਰ ਦਿੱਤਾ ਹੈ । ਫਿਰ ਪ੍ਰਚਾਰ ਦੇ ਹਵਾਲੇ ਨਾਲ ਹੀ ਆਪ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਇਕ ਸਹਾਬੀ ਦੇ ਪ੍ਰਚਾਰ ਦੇ ਤਰੀਕੇ ਨੂੰ ਦੱਸਦਿਆਂ ਹੋਇਆ ਫ਼ਰਮਾਉਂਦੇ ਹਨ ਕਿ ਮੀਆਂ ਸ਼ੇਰ ਮੁਹਮੱਦ ਸਾਹਬ ਅਨਪੜ੍ਹ ਆਦਮੀ ਸਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਪੁਰਾਣੇ ਸਹਾਬੀਆਂ ਵਿੱਚੋਂ ਸਨ । ਯਕੱਾ ਚਲਾਉਂਦੇ ਸਨ । ਉਹਨਾਂ ਦਾ ਤਰੀਕਾ ਇਹ ਸੀ ਕਿ ਸਵਾਰੀ ਨੂੰ ਯੱਕੇ ਵਿੱਚ ਬਿਠਾ ਲੈਂਦੇ ਅਤੇ ਯਕੱਾ ਚਲਾਉਂਦੇ ਜਾਂਦੇ ਤੇ ਸਵਾਰੀਆਂ ਨਾਲ ਗਲੱਾਂ ਸ਼ੁਰੂ ਕਰ ਲੈਂਦੇ । ਅਖ਼ਬਾਰ ਅਲਹਕਮ' ਮੰਗਵਾਉਂਦੇ ਸਨ । ਸਵਾਰੀਆਂ ਨੂੰ ਪੁਛੱਦੇ ਤੁਹਾਡੇ ਵਿੱਚੋਂ ਕੋਈ ਪੜ੍ਹਿਆ ਹੋਇਆ ਹੈ । ਜੇਕਰ ਕੋਈ ਪੜ੍ਹਿਆਂ ਹੁੰਦਾ ਤਾਂ ਉਸ ਨੂੰ ਕਹਿੰਦੇ ਕਿ ਇਹ ਅਖ਼ਬਾਰ ਮੇਰੇ ਨਾਂ ਆਈ ਹੈ ਰਤਾ ਇਸ ਨੂੰ ਪੜ੍ਹ ਕੇ ਸੁਣਾ ਦਿਓ । ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਇਹ ਗੱਲ ਉਹਨਾਂ ਨੇ ਮੈਂਨੂੰ ਸੁਣਾਈ ਸੀ ਤਾਂ ਉਸ ਸਮੇਂ ਤੱਕ ਉਹਨਾਂ ਰਾਹੀਂ ਦਰਜਨ ਤੋਂ ਬਹੁਤੇ ਲੋਕ ਅਹਮਦੀ ਹੋ ਚੁੱਕੇ ਸਨ । ਇਸ ਲਈ ਦਾਵਤ ਇਲਲੱਾਹ (ਸੁਮਾਰਗ ਲਈ ਨਿਮੰਤਰਣ) ਲਈ ਜ਼ਰੂਰੀ ਨਹੀਂ ਕਿ ਵਿਦਿਅਕ ਬਹਿਸਾਂ ਅਤੇ ਵੱਡੇ ਵੱਡੇ ਸੈਮੀਨਾਰਾਂ ਅਤੇ ਫ਼ੰਗਸ਼ਨਾ ਦਾ ਆਸਰਾ ਲਿਆ ਜਾਵੇ ਹਾਲਾਤਾਂ ਅਨੁਸਾਰ ਤਰੀਕੇ ਕਢੱਣੇ ਚਾਹੀਦੇ ਹਨ । ਇਸ ਜੁੱਗ ਵਿੱਚ ਵੀ ਅਨੇਕਾਂ ਹੀ ਅਹਮਦੀ ਅਜਿਹੇ ਹਨ ਜੋ ਆਪਣੇ ਤੌਰ'ਤੇ ਪ੍ਰਚਾਰ ਦੇ ਤਰੀਕੇ ਕਢੱਦੇ ਹਨ ਅਤੇ ਰੱਬ ਦੀ ਮਿਹਰ ਨਾਲ ਬਹੁਤ ਸਫ਼ਲ ਹਨ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਅਤੇ ਮੁਹਮੱਦ ਹੁਸੈਨ ਬਟਾਲਵੀ ਸਾਹਬ ਦੇ ਸਾਂਝੇ ਮਿੱਤਰ ਦੀ ਗੱਲ ਸੁਣਾਉਂਦਿਆਂ ਹੋਇਆਂ ਫ਼ਰਮਾਉਂਦੇ ਹਨ । ਉਹਨਾਂ ਦਾ ਨਾਂ ਨਿਜ਼ਾਮੁੱਦੀਨ ਸੀ । ਜੱਦ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੇ ਮਾਮੂਰ (ਸੁਧਾਰਕ) ਹੋਣ ਦਾ ਦਾਵਾ ਕੀਤਾ ਅਤੇ ਮੌਲਵੀ ਮੁਹਮੱਦ ਹੁਸੈਨ ਨੇ ਆਪ ਉਪੱਰ ਕੁਫ਼ਰ ਦਾ ਫ਼ਤਵਾ ਲਾਇਆ ਤਾਂ ਉਹਨਾਂ ਦੇ ਦਿਲ ਨੂੰ ਬਹੁਤ ਕਸ਼ਟ ਹੋਇਆ ਕਿਉਂਕਿ ਉਹਨਾਂ ਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਨੇਕੀਆਂ ਉਪੱਰ ਬਹੁਤ ਵਿਸ਼ਵਾਸ ਸੀ । ਇਕ ਦਿਨ ਉਹਨਾਂ ਨੂੰ ਵਿਚਾਰ ਆਇਆ, ਤੇ ਉਹ ਲੁਧਿਆਣੇ ਤੋਂ ਕਾਦੀਆਂ ਪਹੁੰਚੇ ਅਤੇ ਆਉਂਦਿਆਂ ਹੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਕਿਹਾ ਕਿ ਕੀ ਆਪ ਨੇ ਇਸਲਾਮ ਛੱਡ ਦਿੱਤਾ ਹੈ ਅਤੇ ਕੁਰਆਨ ਕਰੀਮ ਤੋਂ ਇਨਕਾਰ ਕਰ ਦਿੱਤਾ ਹੈ । ਹਜ਼ਰਤ ਮਸੀਹ

ਮਊਦ ਅਲੈਹਿ ਸਲਾਮ ਨੇ ਫ਼ਰਮਾਇਆ, ਇਹ ਕਿਵੇਂ ਹੋ ਸਕਦਾ ਹੈ । ਕੁਰਆਨ ਕਰੀਮ ਨੂੰ ਤਾਂ ਮੈਂ ਮਨ੍ਹਦਾ ਹਾਂ ਅਤੇ ਇਸਲਾਮ ਮੇਰਾ ਧਰਮ ਹੈ । ਕਹਿਣ ਲੱਗੇ, ਚੰਗਾ ਜੇਕਰ ਮੈਂ ਕੁਰਆਨ ਕਰੀਮ ਵਿੱਚੋਂ ਦੱਸ ਆਇਤਾਂ ਇਸ ਗੱਲ ਦੇ ਸਬੂਤ ਲਈ ਦਿਖਾ ਦਿਆਂ ਕਿ ਹਜ਼ਰਤ ਈਸਾ ਅਲੈਹਿ ਸਲਾਮ ਅਕਾਸ਼ ਉਪੱਰ ਜੀਉਂਦੇ ਚਲੇ ਗਏ ਹਨ ਤਾਂ ਕੀ ਆਪ ਮੰਨ ਜਾਓਗੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਜੇਕਰ ਤੁਸੀਂ ਮੈਨੂੰ ਇਕ ਹੀ ਆਇਤ ਅਜਿਹੀ ਦਿਖਾ ਦਿਓ ਤਾਂ ਮੈਂ ਮੰਨ ਜਾਵਾਂਗਾ । ਇਹਨਾ ਦਿਨਾਂ ਵਿੱਚ ਮੌਲਵੀ ਮੁਹਮੱਦ ਹੁਸੈਨ ਸਾਹਬ ਬਟਾਲਵੀ ਲਾਹੌਰ ਵਿੱਚ ਸਨ ਅਤੇ ਹਜ਼ਰਤ ਖ਼ਲੀਫ਼ਾ ਅਵੱਲ ਵੀ ਓਥੇ ਹੀ ਸਨ ਅਤੇ ਮੌਲਵੀ ਮੁਹਮੱਦ ਹੁਸੈਨ ਸਾਹਬ ਬਟਾਲਵੀ ਨਾਲ ਉਸ ਸਮੇਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਮੁਬਾਹਿਸਾ (ਤਰਕ ਵਿਤਰਕ) ਹੋਣਾ ਸੀ, ਉਸ ਦਾ ਸਪਸ਼ਟੀਕਰਣ ਹੋ ਰਿਹਾ ਸੀ । ਇਸੇ ਸਮੇਂ ਦੌਰਾਨ ਮੀਆਂ ਨਿਜ਼ਮੁੱਦੀਨ ਸਾਹਬ ਓਥੇ ਪਹੁੰਚੇ ਅਤੇ ਕਹਿਣ ਲੱਗੇ ਕਿ ਸਾਰੀਆਂ ਬਹਿਸਾਂ ਬੰਦ ਕਰ ਦਿਓ । ਮੈਂ ਹੁਣ ਮਿਰਜ਼ਾ ਸਾਹਬ ਤੋਂ ਵਾਦਾ ਲੈਕੇ ਆਇਆ ਹਾਂ ਕਿ ਕੁਰਆਨ ਕਰੀਮ ਵਿੱਚੋਂ ਦੱਸ ਆਇਤਾਂ ਹਜ਼ਰਤ ਈਸਾ ਅਲੈਹਿ ਸਲਾਮ ਦੇ ਆਕਾਸ਼ ਉਪੱਰ ਜਾਣ ਬਾਰੇ ਦਿਖਾ ਦਿੱਤੀਆਂ ਜਾਣ ਤਾਂ ਉਹ ਹਯਾਤੇ ਮਸੀਹ (ਈਸਾ ਮਸੀਹ ਦੇ ਜੀਉਂਦੇ ਹੋਣ) ਦੇ ਸਮਰਥਕ ਹੋ ਜਾਣਗੇ । ਮੌਲਵੀ ਮੁਹਮੱਦ ਹੁਸੈਨ ਸਾਹਬ ਬਟਾਲਵੀ ਦੇ ਸੁਭਾਵ ਵਿੱਚ ਬਹੁਤ ਗੁੱਸਾ ਸੀ, ਜਲਦਬਾਜ਼ ਸਨ ਕਹਿਣ ਲੱਗੇ ਕੰਮਬਖ਼ਤ ਤੂੰ ਮੇਰਾ ਸਾਰਾ ਕੰਮ ਵਿਗਾੜ ਦਿੱਤਾ ਹੈ, ਮੈਂ ਦੋ ਮਹੀਨਿਆਂ ਤੋਂ ਬਹਿਸ ਕਰਕੇ ਉਹਨਾਂ ਨੂੰ ਹਦੀਸਾਂ ਵੱਲ ਲੈਕੇ ਆਇਆ ਸੀ, ਹੁਣ ਤੂੰ ਫਿਰ ਕੁਰਆਨ ਵੱਲ ਲੈ ਗਿਆ ਹੈਂ । ਮੀਆਂ ਨਿਜ਼ਾਮੁੱਦੀਨ ਸਾਹਬ ਕਹਿਣ ਲੱਗੇ ਚੰਗਾ ਤਾਂ ਤੁਹਾਡੇ ਕੋਲ ਦੱਸ ਆਇਤਾਂ ਵੀ ਆਪਣੇ ਪੱਖ ਵਿੱਚ ਨਹੀਂ ਹਨ, ਤਾਂ ਫਿਰ ਜਿਧੱਰ ਕੁਰਆਨ ਹੈ ਉਧੱਰ ਹੀ ਮੈਂ ਵੀ ਹਾਂ । ਇਹ ਕਹਿ ਕੇ ਉਹ ਕਾਦੀਆਂ ਆਏ ਅਤੇ ਉਹਨਾਂ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਹੱਥਾਂ ਉਪੱਰ ਬੈਅਤ ਕਰ ਲਈ । ਇਸ ਲਈ ਹਰ ਅਹਮਦੀ ਨੂੰ ਹਮੇਸ਼ਾ ਭਰੋਸੇਮੰਦ ਰਰਿਣਾ ਚਾਹੀਦਾ ਹੈ ਕਿ ਕੁਰਆਨ ਕਰੀਮ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਅਤੇ ਜਮਾਤ ਅਹਮਦੀਆ ਦੇ ਨਾਲ ਹੈ ਅਤੇ ਇਹ ਕੁਰਆਨ ਕਰੀਮ ਦੀ ਪਖੱਤਾ ਹੀ ਹੈ ਜੋ ਪ੍ਰਤੀਦਿਨ ਜਮਾਤ ਦੀ ਗਿਣਤੀ ਨੂੰ ਪਾਕ ਸੁਭਾਵ ਲੋਕਾਂ ਦੇ ਦਿਲਾਂ ਨੂੰ ਰੌਸ਼ਨ ਕਰਕੇ ਵਧਾ ਰਹੀ ਹੈ ।

ਫਿਰ ਇਸ ਗੱਲ ਨੂੰ ਸਪਸ਼ਟ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਵਿਰੋਧਤਾ ਵੀ ਸੁਮਾਰਗ ਦਾ ਸਬਬ ਹੁੰਦੀ ਹੈ । ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸੇਵਾ ਵਿੱਚ ਇਕ ਵਾਰ ਇਕ ਮਿਤੱਰ ਹਾਜ਼ਰ ਹੋਏ ਅਤੇ ਉਹਨਾਂ ਨੇ ਆਪ ਦੀ ਬੈਅਤ ਕੀਤੀ । ਹਜ਼ੂਰ ਨੇ ਉਹਨਾਂ ਨੂੰ ਪੁੱਛਿਆ ਕਿ ਆਪ ਨੂੰ ਕਿਸ ਨੇ ਪ੍ਰਚਾਰ ਕੀਤਾ ਸੀ । ਉਹ ਨਿਧੜਕ ਕਹਿਣ ਲੱਗੇ ਮੈਨੂੰ ਤਾਂ ਮੌਲਵੀ ਸਨਾਉਲੱਾਹ ਸਾਹਬ ਨੇ ਪ੍ਰਚਾਰ ਕੀਤਾ ਹੈ । ਆਪ ਨੇ ਹੈਰਾਨ ਹੋਕੇ ਫ਼ਰਮਾਇਆ ਉਹ ਕਿਵੇਂ ? ਉਹ ਕਹਿਣ ਲੱਗੇ ਕਿ ਮੈਂ ਮੌਲਵੀ ਸਾਹਬ ਦਾ ਅਖ਼ਬਾਰ ਅਤੇ ਉਹਨਾਂ ਦੀਆਂ ਕਿਤਾਬਾਂ ਪੜ੍ਹਿਆ ਕਰਦਾ ਸੀ ਅਤੇ ਮੈਂ ਹਮੇਸ਼ਾ ਦੇਖਦਾ ਕਿ ਉਹਨਾਂ ਵਿੱਚ ਜਮਾਤ ਅਹਮਦੀਆ ਦੀ ਬਹੁਤ ਵਿਰੋਧਤਾ ਹੁੰਦੀ ਸੀ । ਮੈਨੂੰ ਵਿਚਾਰ ਆਇਆ ਕਿ ਮੈਂ ਆਪ ਵੀ ਤਾਂ ਇਸ ਜਮਾਤ ਦੀਆਂ ਕਿਤਾਬਾਂ ਦੇਖਾਂ ਅਤੇ ਜੱਦ ਮੈਂ ਇਹਨਾਂ ਕਿਤਾਬਾਂ ਨੂੰ ਪੜ੍ਹਨਾ ਅਰੰਭ ਕੀਤਾ ਤਾਂ ਮੇਰਾ ਸੀਨਾ ਖੁੱਲ ਗਿਆ ਅਤੇ ਮੈਂ ਬੈਅਤ ਲਈ ਤਿਆਰ ਹੋ ਗਿਆ।

ਹਜ਼ਰਤ ਮੁਸਲਿਹ ਮਊਦ ਇਹ ਬਿਆਨ ਫ਼ਰਮਾਉਂਦੇ ਹੋਏ ਕਿ ਅਲੱਾਹ ਤਆਲਾ ਅਹਮਦੀ ਹੋਣ ਦੇ ਬਾਦ ਇਕ ਅਨਪੜ੍ਹ ਨੂੰ ਵੀ ਕਿਵੇਂ ਅਕਲ ਦੇ ਦਿੰਦਾ ਹੈ ਅਤੇ ਉਹ ਹਾਜ਼ਰ ਜਵਾਬ ਹੋ ਜਾਂਦਾ ਹੈ । ਇਕ ਗੱਲ ਦਸਦੇ ਹਨ ਕਿ ਸਾਡੇ ਰਿਸ਼ਤੇ ਦੇ ਚਾਚਾ ਨੇ ਕੇਵਲ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਵਿਰੋਧਤਾ ਅਤੇ ਆਪ ਦੇ ਦਾਵੇ ਦਾ ਮਖ਼ੌਲ ਉਡਾਉਣ ਲਈ ਆਪਣੇ ਆਪ ਨੂੰ ਚੂੜਿਆਂ ਦਾ ਪੀਰ ਪ੍ਰਸਿੱਧ ਕੀਤਾ ਹੋਇਆ ਸੀ, ਉਂਝ ਮੁਗ਼ਲ ਸਨ । ਇਕ ਵਾਰ ਕੁਝ ਉਹ ਲੋਕ ਜੋ ਖ਼ਾਕਰੋਬਾਂ (ਮਿਹਤਰਾਂ) ਵਿੱਚੋਂ ਮੁਸਲਮਾਨ ਹੋ ਚੁੱਕੇ ਸਨ ਇਧੱਰ ਆਏ, ਉਹ ਲੋਕ ਅਨਪੜ੍ਹ ਸਨ, ਸਗੋਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਇਹ ਕੌਮ ਉਕੱਾ ਹੀ ਜਾਹਲ ਸੀ ਪਰ ਜੱਦ ਸਾਡੇ ਚਾਚਾ ਨੇ ਉਹਨਾਂ ਤੋਂ ਪੁੱਛਿਆ ਕਿ ਮਿਰਜ਼ਾ ਸਾਹਬ ਨੇ ਤੁਹਾਨੂੰ ਕੀ ਦਿਤੱਾ ਹੈ ਤਾਂ ਉਹਨਾਂ ਨੇ ਉਤੱਰ ਦਿਤੱਾ ਅਸੀਂ ਹੋਰ ਤਾਂ ਕੁਝ ਨਹੀਂ ਜਾਣਦੇ ਪਰ ਐਨ੍ਹੀ ਗੱਲ ਤਾਂ ਫਿਰ ਵੀ ਸਮਝ ਸਕਦੇ ਹਾਂ ਕਿ ਲੋਕ ਪਹਿਲਾਂ ਸਾਨੂੰ ਚੂੜਾ ਕਹਿੰਦੇ ਸਨ ਪਰ ਮਿਰਜ਼ਾ ਸਾਹਬ ਨਾਲ ਸੰਬੰਦ ਕਰਕੇ ਹੁਣ ਸਾਨੂੰ ਮਿਰਜ਼ਾਈ ਕਹਿੰਦੇ ਹਨ । ਸੰਭਵਤਾ ਅਸੀਂ ਚੂੜੇ ਸੀ ਹੁਣ ਉਹਨਾਂ ਦੇ ਤੁਫ਼ੈਲ ਮਿਰਜ਼ਾ ਬਣ ਗਏ ਪਰ ਆਪ ਪਹਿਲਾਂ ਮਿਰਜ਼ਾ ਸੀ ਅਤੇ ਮਿਰਜ਼ਾ ਸਾਹਬ ਦੀ ਵਿਰੋਧਤਾ ਕਰਕੇ ਚੂੜੇ ਬਣ ਗਏ ।

ਅਹਮਦੀਆਂ ਦੇ ਆਚਰਨ ਦੇ ਅਨੋਖੇ ਢੰਗ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਇਲਹਾਮ ਨੂੰ ਪੂਰਾ ਕਰਨ ਦੀ ਇਛੱਾ ਅਤੇ ਫਿਰ ਅਹਮਦੀਅਤ ਕਰਕੇ ਵਿਰੋਧਤਾ ਦਾ ਸਾਹਮਣਾ ਅਤੇ ਅਹਮਦੀਅਤ ਕਰਕੇ ਹੀ ਦੁਸ਼ਮਣੀ ਦਾ ਪ੍ਰੇਮ ਵਿੱਚ ਬਦਲ ਜਾਣ ਦੀ ਇਕ ਘਟਣਾ ਹਜ਼ਰਤ ਮੁਸਲਿਹ ਮਊਦ ਵਰਨਣ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਮੈਂਨੂੰ ਗੁਜਰਾਤ ਦੇ ਅਨੇਕਾਂ ਵਿਅਤਕੀਆਂ ਦੀਆਂ ਸ਼ਕਲਾਂ ਹੁਣ ਤੱਕ ਚੇਤੇ ਹਨ ਕਿ ਅਧਿਕਤਰ ਇਸ ਆਸਥਾ ਕਰਕੇ ਕਿ ਉਹ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਉਸ ਇਲਹਾਮ ਨੂੰ ਪੂਰਾ ਕਰਨ ਵਾਲੇ ਬਨਣ ਕਿ 'ਯਾਤੀਕਾ ਮਿਨ ਕੁੱਲੇ ਫ਼ੱਜਿੱਨ ਅਮੀਕ', ਪੈਦਲ ਚਲਕੇ ਕਾਦੀਆਂ ਆਏ ਸਨ । ਇਹ ਵੀ ਜ਼ਿਲਾ ਗੁਜਰਾਤ ਦੇ ਲੋਕਾਂ ਦੀ ਹੀ ਘਟੱਣਾ ਹੈ ਜੋ ਹਾਫ਼ਜ਼ ਰੋਸ਼ਨ ਅਲੀ ਸਾਹਬ ਮਰਹੂਮ ਸੁਣਾਇਆ ਕਰਦੇ ਸਨ ਕਿ ਜਲਸਾ ਸਾਲਾਨਾ ਦੇ ਦਿਨਾ ਵਿਚ ਇਕ ਜਮਾਤ ਇਕ ਪਾਸਿਓਂ ਆ ਰਹੀ ਸੀ ਅਤੇ ਦੂਜੀ ਦੂਜੇ ਪਾਸਿਓਂ ਪੈਦਲ ਚਲ ਕੇ ਆ ਰਹੇ ਸਨ । ਉਹ ਦੋਵੇਂ ਗੁਰੁਪ ਜੱਦ ਇਕ ਦੂਜੇ ਨੂੰ ਮਿਲੇ ਤਾਂ ਰੋਣ ਲੱਗ ਪਏ । ਮੈਂ ਉਹਨਾਂ ਨੂੰ ਪੁੱਛਿਆ ਕਿ ਕਿਉਂ ਰੋਂਦੇ ਹੋ ? ਕਹਿਣ ਲੱਗੇ ਇਕ ਹਿਸੱਾ ਸਾਡੇ ਵਿੱਚੋਂ ਉਹ ਹੈ ਜੋ ਪਹਿਲਾਂ ਈਮਾਨ ਲਿਆਇਆ ਅਤੇ ਇਸ ਕਰਕੇ ਦੂਜੇ ਭਾਗ ਵੱਲੋਂ ਐਨ੍ਹਾ ਦੁੱਖ ਦਿੱਤੇ ਗਏ ਕਿ ਅੰਤ ਨੂੰ ਉਹ ਪਿੰਡ ਛਡੱਣ ਨੂੰ ਮਜਬੂਰ ਹੋ ਗਿਆ । ਕੁਝ ਸਮਾਂ ਮਗਰੋਂ ਅਲੱਾਹ ਤਆਲਾ ਨੇ ਅਹਮਦੀਅਤ ਦਾ ਨੂਰ ਸਾਡੇ ਵਿੱਚ ਵੀ ਫੈਲਾ ਦਿੱਤਾ ਅਤੇ ਹੁਣ ਅਸੀਂ ਇਧੱਰ ਜੋ ਪਹੁੰਚੇ ਹਾਂ ਤਾਂ ਸਬਬੀ ਰੂਪ ਵਿੱਚ ਰੱਬ ਦੀ ਮਿਹਰ ਹੇਠ ਸਾਡੇ ਉਹ ਭਾਈ ਜਿੰਨ੍ਹਾ ਨੂੰ ਅਸੀਂ ਆਪਣੇ ਘਰਾਂ ਵਿੱਚੋਂ ਕੱਢ ਦਿੱਤਾ ਸੀ ਦੂਜੇ ਪਾਸਿਓਂ ਨਿਕਲੇ, ਜੱਦ ਅਸੀਂ ਉਹਨਾਂ ਨੂੰ ਆਉਂਦਿਆਂ ਦੇਖਿਆ ਤਾਂ ਸਾਡੇ ਦਿਲ ਇਸ ਦੁੱਖ ਦੇ ਜਜ਼ਬੇ ਨਾਲ ਭਰ ਗਏ । ਇਸ ਲਈ ਅਸੀਂ ਭਾਵਨਾਤਮਕ ਹੋਕੇ ਰੋ ਰਹੇ ਸੀ । ਸੋ, ਇਹ ਅਹਮਦੀਅਤ ਦੀਆ ਬਰਕਤਾਂ ਹਨ ਕਿ ਵਿਛੜੇ ਹੋਇਆਂ ਨੂੰ ਇਕਤੱਰ ਕਰਦੀ ਹੈ । ਸ਼ੈਤਾਨ ਜਿੰਨ੍ਹਾ ਵਿੱਚ ਰੋਕਾਂ ਪਾਉਂਦਾ ਹੈ ਰੱਬ ਦੀ ਮਿਹਰ ਨਾਲ ਅਹਮਦੀਅਤ ਫਿਰ ਉਹਨਾ ਨੂੰ ਮਿਲਾ ਦਿੰਦੀ ਹੈ ਅਤੇ ਇੰਸ਼ਾਅਲੱਾਹ ਤਆਲਾ ਹੁਣ ਵੀ ਅਜਿਹੇ ਦ੍ਰਿਸ਼ ਹੋਣਗੇ ।

ਮੌਲਵੀਆਂ ਨੇ ਜੋ ਗਲਤ ਪ੍ਰਭਾਵ ਸਾਧਾਰਣ ਮੁਸਲਮਾਨਾਂ ਨੂੰ ਦਿਤੱਾ ਹੋਇਆ ਹੈ ਕਿ ਹਜ਼ਰਤ ਮਸੀਹ ਹੱਥੀਂ ਪੰਛੀ ਬਣਾਉਂਦੇ ਸੀ ਅਤੇ ਫਿਰ ਉਹਨਾਂ ਵਿੱਚ ਜਾਨ ਪਾਉਂਦੇ ਸੀ । ਅਜਿਹਾ ਹੀ ਦ੍ਰਿਸ਼ਟੀਕੋਣ ਰਖੱਣ ਵਾਲੇ ਮੌਲਵੀ ਸਾਹਬ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਗੱਲਾਂ ਕਰ ਰਹੇ ਸਨ । ਹਜ਼ੂਰ ਨੇ ਪੁੱਛਿਆ ਕਿ ਆਪ ਜੋ ਕਹਿੰਦੇ ਹਨ ਕਿ ਕੀ ਆਪ ਇਹਨਾਂ ਦੋਹਾਂ ਵਿੱਚ ਕੋਈ ਵਿਸ਼ੇਸ਼ ਗੱਲ ਦੱਸ ਸਕਦੇ ਹੋ ਜਿਸ ਤੋਂ ਪਤਾ ਲੱਗ ਸਕੇ ਕਿ ਕਿਹੜੇ ਰੱਬ ਦੇ ਪੈਦਾ ਕੀਤੇ ਹਨ ਅਤੇ ਕਿਹੜੇ ਮਸੀਹ ਦੇ ਪੈਦਾ ਕੀਤੇ । ਇਸ'ਤੇ ਮੌਲਵੀ ਸਾਹਬ ਬੋਲੇ ਇਹ ਕੰਮ ਤਾਂ ਹੁਣ ਮੁਸ਼ਕਲ ਹੈ ਕਿਉਂਕਿ ਰੱਬ ਦੇ ਪੈਦਾ ਕੀਤੇ ਹੋਏ ਅਤੇ ਮਸੀਹ ਦੇ ਪੈਦਾ ਕੀਤਾ ਹੋਏ ਪੰਛੀ ਹੁਣ ਰਲ ਮਿਲ ਗਏ ਹਨ । ਹੁਣ ਇਹਨਾਂ ਦੋਹਾਂ ਵਿੱਚ ਅੰਤਰ ਕਰਨਾ ਕਠਨ ਹੈ ।

ਫਿਰ ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਬਾਰੇ ਕਿਹਾ ਜਾਂਦਾ ਹੈ ਕਿ ਆਪ ਨੇ ਈਸਾਈਆਂ ਦੇ ਵਿਰੁਧ ਕਰੜ੍ਹੀ ਭਾਸ਼ਾ ਵਰਤੀ ਹੈ ਜੱਦ ਕਿ ਦੇਖਿਆ ਜਾਵੇ ਤਾਂ ਵਾਸਵਿਕਤਾ ਕੁਝ ਹੋਰ ਹੈ । ਆਪ ਨੇ ਖ਼ੁੱਦ ਕਦੇ ਵੀ ਪਹਿਲ ਨਹੀਂ ਕੀਤੀ ਸੀ । ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਕਈ ਵਾਰ ਜੱਦ ਗੱਲ ਹੱਦੋਂ ਵੱਧ ਜਾਂਦੀ ਤਾਂ ਫਿਰ ਕਿਸੇ ਹੱਦ ਤੱਕ ਇਹਨਾਂ ਗੱਲਾਂ ਦਾ ਉਤੱਰ ਵੀ ਦੇਣ ਪੈਂਦਾ ਹੈ । ਈਸਾਈ ਹਮੇਸ਼ਾ ਹਜ਼ੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਉਪੱਰ ਹਮਲੇ ਕੀਤਾ ਕਰਦੇ ਸਨ ਅਤੇ ਮੁਸਲਮਾਨ ਕਿਉਂਕਿ ਇਹਨਾ ਹਮਲਿਆਂ ਦਾ ਉਤੱਰ ਨਹੀਂ ਦਿਆ ਕਰਦੇ ਸਨ । ਇਸ ਲਈ ਉਹ ਈਸਾਈ ਇਹ ਸਮਝਦੇ ਸਨ ਕਿ ਇਸਲਾਮ ਦੇ ਬਾਨੀ ਵਿੱਚ ਐਬ ਹੀ ਐਬ ਹਨ । ਜੇਕਰ ਕਿਸੇ ਧਰਮ ਵਿੱਚ ਐਬ ਨਹੀਂ ਤਾਂ ਯਿਸੂ ਦਾ ਵੁਜੂਦ ਹੈ । ਉਹ ਮੁਸਲਮਾਨਾ ਦੀ ਸ਼ਰਾਫ਼ਤ ਦੇ ਗ਼ਲਤ ਅਰਥ ਕਢੱਦੇ ਸਨ । ਉਹ ਸਮਝਦੇ ਸਨ ਕਿ ਕਿਉਕਿ ਅਸੀਂ ਗੰਦ ਉਛਾਲਦੇ ਹਾਂ ਅਤੇ ਇਹ ਨਹੀਂ ਉਛਾਲਦੇ, ਇਸ ਲਈ ਮਲੂਮ ਹੋਇਆ ਕਿ ਵਾਸਤਵ ਵਿੱਚ ਉਹਨਾਂ ਦੇ ਸਰਦਾਰ ਵਿੱਚ ਇਹ ਗੱਲਾਂ ਪਾਈ ਜਾਂਦੀਆਂ ਹਨ । ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਸੱਤ ਅੱਠ ਸੌ ਸਾਲ ਤੱਕ ਈਸਾਈ ਨਿਰੰਤਰ ਗੰਦ ਉਛਾਲਦੇ ਰਹੇ । ਅੰਤ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਰੱਬ ਨੇ ਆਗਿਆ ਦਿੱਤੀ ਕਿ ਹੁਣ ਤੁਸੀਂ ਵੀ ਰਤਾ ਉਹਨਾਂ ਨੂੰ ਦੱਸੋ ਕਿ ਸਾਨੂੰ ਤੁਹਾਡੇ ਵਿੱਚ ਕੋਈ ਐਬ ਦਿਖਾਈ ਦਿੰਦਾ ਹੈ ਜਾਂ ਨਹੀਂ । ਸੋ, ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਯਿਸੂ ਨੂੰ ਸੰਬੋਧਤ ਕਰਦਿਆਂ ਹੋਇਆਂ ਉਹ ਗੱਲਾਂ ਲਿਖੱਣੀਆਂ ਸ਼ੁਰੂ ਕੀਤੀਆਂ ਜੋ ਯਹੂਦੀ ਜਾਂ ਖ਼ੁੱਦ ਈਸਾਈਆਂ ਦੀਆਂ ਕਿਤਾਬਾਂ ਵਿੱਚ ਲਿੱਖੀਆਂ ਹੋਈਆਂ ਸਨ । ਅਜੇ ਇਸ ਪ੍ਰਕਾਰ ਦੀਆਂ ਦੋ ਚਾਰ ਕਿਤਾਬਾਂ ਹੀ ਹਜ਼ੂਰ ਨੇ ਲਿੱਖੀਆਂ ਸਨ ਕਿ ਸਾਰੇ ਈਸਾਈ ਜਗਤ ਵਿੱਚ ਸ਼ੋਰ ਮੱਚ ਗਿਆ ਕਿ ਇਹ ਤਰੀਕਾ ਚੰਗਾ ਨਹੀਂ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਅਸੀਂ ਤੁਹਾਨੂੰ ਕਿਹਾ ਸੀ ਕਿ ਤੁਹਾਡਾ ਇਹ

ਤਰੀਕਾ ਠੀਕ ਨਹੀਂ ਪਰ ਤੁਸੀਂ ਸਾਡੀ ਗੱਲਾਂ ਨੂੰ ਸਮਝਿਆ ਹੀ ਨਹੀਂ ਕਰਦੇ ਸੀ । ਅੰਤ ਜੱਦ ਤੁਹਾਡੇ ਉਪੱਰ ਫੜ ਪੈਣ ਲੱਗੀ ਤਾਂ ਤੁਹਾਨੂੰ ਹੋਸ਼ ਆ ਗਿਆ । ਕਈ ਵਾਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਜੋ ਸਖ਼ਤ ਸ਼ਬਦਾਂ ਦੀ ਵਰਤੋਂ ਕੀਤੀ ਹੈ ਉਤੱਰ ਦੇਣ ਵਿੱਚ ਕੀਤੀ ਹੈ ਕਦੇ ਵੀ ਪਹਿਲ ਨਹੀਂ ਕੀਤੀ ।

ਹਜ਼ਰਤ ਮੁਸਲਿਹ ਮਊਦ ਪੰਜਾਬ ਦੇ ਇਕ ਬਹੁਤ ਪ੍ਰਸਿੱਧ ਵੈਦ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਤੋਂ ਬਹੁਤ ਅਕੀਦਤ ਰਖੱਦੇ ਸਨ ਪਰ ਇਸ ਦੇ ਹੁੰਦਿਆਂ ਹੋਇਆਂ ਵੀ ਆਪ ਦੇ ਦਾਵੇ ਨੂੰ ਨਹੀਂ ਮਨੰਦੇ ਸਨ । ਉਹਨਾਂ ਦੀ ਇਕ ਮਨਮੋਹਕ ਗੱਲ ਸੁਣਾਉਂਦਿਆਂ ਫ਼ਰਮਾਉਂਦੇ ਹਨ ਕਿ ਉਹਨਾਂ ਦਾ ਨਾਂ ਹਕੀਮ ਅਲੱਾਹ ਦੀਨ ਸੀ । ਇਕ ਵਾਰ ਉਹਨਾਂ ਕੋਲ ਮੌਲਵੀ ਫ਼ਜ਼ਲ ਦੀਨ ਸਾਹਬ ਭੇਰਵੀ ਗਏ ਅਤੇ ਉਹਨਾਂ ਨੇ ਕੁਝ ਪ੍ਰਚਾਰ ਕੀਤਾ । ਹਕੀਮ ਸਾਹਬ ਕਹਿਣ ਲੱਗੇ, ਮੀਆਂ ਤੁਸੀਂ ਆ ਗਏ ਹੋ ਮੈਂਨੂੰ ਵਫ਼ਾਤੇ ਮਸੀਹ ਦੀ ਸਮੱਸਿਆ ਸਮਝਾਉਣ ਜੱਦ ਕਿ ਤੁਹਾਨੂੰ ਪਤਾ ਕੀ ਹੈ ਕਿ ਮਿਰਜਾ ਸਾਹਬ ਦੀ ਇਸ ਸਮੱਸਿਆ ਨੂੰ ਪੇਸ਼ ਕਰਨ ਵਿੱਚ ਚਤੁਰਾਈ ਕੀ ਹੈ । ਅਸਲ ਗੱਲ ਇਹ ਹੈ ਕਿ ਮਿਰਜ਼ਾ ਸਾਹਬ ਨੇ ਕਿਤਾਬ ਬ੍ਰਾਹੀਨ ਅਹਮਦੀਆ ਲਿਖੀ । ਤੇਰ੍ਹਾਂ ਸੌ ਸਾਲ ਵਿੱਚ ਭਲਾ ਕੋਈ ਮੁਸਲਮਾਨ ਦਾ ਬੱਚਾ ਸੀ ਜਿਸ ਨੇ ਅਜਿਹੀ ਕਿਤਾਬ ਲਿੱਖੀ ਹੋਵੇ । ਪਰ ਮੌਲਵੀ ਅਜਿਹੇ ਅਹਮਕ ਤੇ ਮੂਰਖ ਨਿਕਲੇ ਕਿ ਬਜਾਏ ਇਸ ਦੇ ਕਿ ਉਹ ਆਪ ਦਾ ਧੰਨਵਾਦ ਕਰਦੇ ਉਹਨਾਂ ਨੇ ਉਲਟਾ ਹੀ ਆਪ ਉਪੱਰ ਕੁਫ਼ਰ ਦੇ ਫ਼ਤਵੇ ਲਾ ਦਿੱਤੇ ਅਤੇ ਇਸਲਾਮ ਦੀ ਐਨ੍ਹੀ ਮਹਾਨ ਸੇਵਾ ਦੇਖਣ ਦੇ ਬਾਦ ਵੀ ਆਪ ਦੇ ਵਿਰੁਧ ਕੁਫ਼ਰ ਦੇ ਫ਼ਤਵੇ ਦੇਣ ਲੱਗੇ ਅਤੇ ਆਪਣੀ ਵਿਦਿਅਕਤਾ ਜਤਾਉਣ ਲੱਗੇ । ਇਸ'ਤੇ ਮਿਰਜ਼ਾ ਸਾਹਬ ਨੂੰ ਗੁਸੱਾ ਆਇਆ । ਇਹ ਹਕੀਮ ਸਾਹਬ ਆਪਣੀ ਦਲੀਲ ਸ਼ੁਰੂ ਕਰ ਰਹੇ ਹਨ ਏਥੇ । ਸੋ, ਉਹਨਾਂ ਨੇ ਮੌਲਵੀਆਂ ਨੂੰ ਕਿਹਾ, ਚੰਗਾ ਤੁਸੀਂ ਵੱਡੇ ਵਿਦਵਾਨ ਬਣੇ ਫਿਰਦੇ ਹੋ, ਜੇਕਰ ਤੁਹਾਨੂੰ ਆਪਣੀ ਵਿਦਿਅਕਤਾ ਦਾ ਐਨ੍ਹਾਂ ਹੀ ਮਾਣ ਹੈ ਤਾਂ ਦੇਖ ਲਓ ਕਿ ਹਯਾਤੇ ਮਸੀਹ ਦਾ ਅਕੀਦਾ ਕੁਰਆਨ ਕਰੀਮ ਵਿੱਚੋਂ ਐਨ੍ਹਾ ਸਾਬਤ ਹੈ ਕਿ ਐਨ੍ਹਾ ਸਾਬਤ ਹੈ ਕਿ ਇਸ ਦੇ ਵਿਰੁਧ ਹਜ਼ਰਤ ਮਸੀਹ ਦੀ ਵਫ਼ਾਤ ਸਿੱਧ ਕਰਨਾ ਅਸੰਭਵ ਦਿਖਾਈ ਦਿੰਦਾ ਹੈ ਪਰ ਮੈਂ ਕੁਰਆਨ ਕਰੀਮ ਵਿੱਚੋਂ ਹੀ ਹਜ਼ਰਤ ਮਸੀਹ ਦੀ ਵਫ਼ਾਤ ਸਿੱਧ ਕਰਕੇ ਖਿਾਵਾਂਗਾ । ਜੇਕਰ ਦੁਹਾਡੇ ਵਿੱਚ ਹਿਮੱਤ ਹੈ ਤਾਂ ਇਸ ਦਾ ਰੱਦ ਕਰੋ । ਸੋ, ਉਹਨਾਂ ਨੇ ਮੌਲਵੀਆਂ ਨੂੰ ਉਹਨਾਂ ਦੀ ਮੂਰਖਤਾ ਜਤਾਉਣ ਲਈ ਵਫ਼ਾਤੇ ਮਸੀਹ ਦੀ ਸਮੱਸਿਆ ਪੇਸ਼ ਕਰ ਦਿੱਤੀ ਅਤੇ ਕੁਰਆਨ ਵਿੱਚੋਂ ਇਸ ਦੇ ਪ੍ਰਮਾਣ ਦੇਣ ਲੱਗ ਪਏ । ਹਕੀਮ ਸਾਹਬ ਫ਼ਰਮਾਉਂਦੇ ਹਨ ਕਿ ਹੁਣ ਇਸ ਦਾ ਇਕ ਹੀ ਇਲਾਜ ਹੈ, ਉਂਝ ਤਾਂ ਵਫ਼ਾਤੇ ਮਸੀਹ ਦਾ ਮਸਲਾ ਕੋਈ ਨਹੀਂ । ਹਯਾਤੇ ਮਸੀਹ ਕਾਇਮ ਹੈ ਪਰ ਮੌਲਵੀਆਂ ਨੂੰ ਠੀਕ ਕਰਨ ਦਾ ਇਕ ਹੀ ਇਲਾਜ ਹੈ ਕਿ ਸਾਰੇ ਮੌਲਵੀ ਜੱਥੇ ਦੇ ਰੂਪ ਵਿੱਚ ਹਜ਼ਰਤ ਮਿਰਜ਼ਾ ਸਾਹਬ ਕੋਲ ਜਾਣ ਅਤੇ ਉਹਨਾਂ ਨੂੰ ਕਹਿਣ ਕਿ ਸਾਡੇ ਤੋਂ ਕੁਫ਼ਰ ਦਾ ਫ਼ਤਵਾ ਲਾਉਣ ਵਿੱਚ ਬੇ ਅਦਬੀ ਹੋ ਗਈ ਹੈ । ਸਾਨੂੰ ਮੁਆਫ਼ ਕੀਤਾ ਜਾਵੇ । ਫਿਰ ਦੇਖੋ ਮਿਰਜ਼ਾ ਸਾਹਬ ਕੁਰਆਨ ਵਿੱਚੋਂ ਹੀ ਹਯਾਤੇ ਮਸੀਹ ਸਿੱਧ ਕਰਕੇ ਦਿਖਾਉਂਦੇ ਹਨ ਜਾਂ ਨਹੀਂ । ਅਤੇ ਇਹ ਵੀ ਉਹਨਾਂ ਨੇ ਖ਼ੂਬ ਮਨਮੋਹਕ ਵਿਆਖਿਆ ਕੀਤੀ ਹੈ ।

ਹੁਣ ਦੇਖੋ ਕਿ ਅਕੀਦਤ ਹੁੰਦਿਆਂ ਹੋਇਆਂ ਵੀ ਹਯਾਤੇ ਮਸੀਹ ਦੇ ਮਸਲੇ ਦਾ ਐਨ੍ਹਾ ਪ੍ਰਭਾਵ ਸੀ ਕਿ ਉਹ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਨਹੀਂ ਆ ਸਕੇ ਪਰ ਅਕੀਦਤ ਰਖੱਦੇ ਸਨ । ਇਸ ਲਈ ਇਹ ਰੱਬ ਦੀ ਮਿਹਰ ਹੈ ਜਿਸ'ਤੇ ਹੋਵੇ ਕਿ ਉਸ ਨੂੰ ਸਮੇਂ ਦੇ ਇਮਾਮ ਨੂੰ ਮਨੰਣ ਦਾ ਵੀ ਸੰਜੋਗ ਪ੍ਰਾਪਤ ਹੁੰਦਾ ਹੈ । ਸਾਨੂੰ ਹਮੇਸ਼ਾਂ ਇਹ ਗੱਲ ਚੇਤੇ ਰਖੱਣੀ ਚਾਹੀਦੀ ਹੈ ਕਿ ਵਫ਼ਾਤੇ ਮਸੀਹ ਦੀ ਸਮੱਸਿਆ ਕੋਈ ਦ੍ਰਿਸ਼ਟੀਕੋਣ ਦੀ ਸਮੱਸਿਆ ਨਹੀਂ ਹੈ ਸਗੋਂ ਤੌਹੀਦ (ਇਕ ਈਸ਼ਵਰਵਾਦ) ਦੀ ਸਥਾਪਨਾ ਲਈ ਅਤਿਅੰਤ ਜ਼ਰੂਰੀ ਹੈ । ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਮੈਂਨੂੰ ਚੇਤੇ ਹੈ ਕਿ ਇਕ ਵਾਰ ਕਿਸੇ ਨੇ ਕਿਹਾ ਕਿ ਹਜ਼ੂਰ ਇਸ ਸਮੱਸਿਆ ਨੂੰ ਹੁਣ ਛੱਡ ਵੀ ਦਿਓ ਤਾਂ ਹਜ਼ੂਰ ਨੇ ਜਲਾਲ ਵਿੱਚ ਆਣ ਕੇ ਫ਼ਰਮਾਇਆ ਕਿ ਮੈਂਨੂੰ ਤਾਂ ਕਈ ਵਾਰ ਇਸ ਸੰਬੰਧ ਵਿੱਚ ਐਨ੍ਹਾ ਜੋਸ਼ ਆਉਂਦਾ ਹੈ ਕਿ ਮੈਂ ਸਮਝਦਾ ਹਾਂ ਕਿ ਸ਼ਾਇਦ ਜਨੂਨ ਨ ਹੋ ਜਾਵੇ । ਇਸ ਸਮੱਸਿਆ ਨੇ ਇਸਲਾਮ ਨੂੰ ਐਨ੍ਹਾ ਹਾਣ ਪਹੁੰਚਾਇਆ ਹੈ ਕਿ ਜੱਦ ਤੱਕ ਅਸੀਂ ਇਸ ਨੂੰ ਪੀਹ ਨ ਸੁੱਟੀਏ ਅਸੀਂ ਸੁੱਖ ਦਾ ਸਾਹ ਨਹੀਂ ਲੈ ਸਕਦੇ । ਹੁਣ ਕਈ ਲੋਕ ਕਹਿ ਦਿੰਦੇ ਹਨ ਕਿ ਇਹ ਕੀ ਸਮੱਸਿਆ ਹੈ ਪਰ ਇਹ ਇਕ ਰੱਬ ਦੇ ਮਾਰਗ ਦੀਆਂ ਰੋਕਾਂ ਹਨ ਜਿੰਨ੍ਹਾਂ ਨੂੰ ਦੂਰ ਕਰਨ ਲਈ ਹਜ਼ਰਤ ਮਸੀਹ ਮਊਦ ਅਲਹਿ ਸਲਾਮ ਨੂੰ ਐਨ੍ਹਾ ਜੋਸ਼ ਸੀ । ਅਤੇ ਇਹੋ ਉਹ ਜੋਸ਼ ਸੀ ਜਿਸ ਨੇ ਰੱਬ ਦੀਆਂ ਮਿਹਰਾਂ ਨੂੰ ਖਿੱਚਿਆ ਅਤੇ ਸਚਾੱਈ ਦੀ ਨੀਂਹ ਪਾ ਦਿੱਤੀ । ਜੇਕਰ ਕੋਈ ਅਨੁਭਵ ਕਰਦਾ ਹੈ ਕਿ ਉਸ ਦੇ ਦਿਲ ਵਿੱਚ ਰੱਬ ਦਾ ਸਨੇਹ ਅਤੇ ਇਸਲਾਮ ਨੂੰ ਫੈਲਾਉਣ ਦੀ ਤਾਂਘ ਹੈ ਤਾਂ ਉਹ ਸਮਝ ਸਕਦਾ ਹੈ ਕਿ ਇਹ ਕੇਵਲ ਇਕ ਚਿੰਘਿਆੜੀ ਹੈ ਉਸ ਅੱਗ ਦੀ ਜੋ ਹਜ਼ੂਰ ਅਲੈਹਿ ਸਲਾਮ ਦੇ ਦਿਲ ਵਿੱਚ ਸੀ ।

ਇਸ ਲਈ ਸਾਡੇ ਸਾਰੇ ਜਤਨ ਉਸ ਧੁਰੇ ਦੁਆਲੇ ਘੁੰਮਣੇ ਚਾਹੀਦੇ ਹਨ ਅਤੇ ਉਸੇ ਘੇਰੇ ਵਿੱਚ ਹੋਣੇ ਚਾਹੀਦੇ ਹਨ ਪਰ ਜੇਕਰ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਤਾਂ ਜੋ ਕੰਮ ਅਸੀਂ ਕਰਾਂਗੇ ਉਹ ਬੇਸ਼ਕ ਵੇਖਣ ਨੂੰ ਤੌਹੀਦ ਦਾ ਹੋਵੇਗਾ ਪਰ ਵਾਸਤਵ ਵਿੱਚ ਉਹ ਕਿਸੇ ਸ਼ਿਰਕ ਦਾ ਅਗਾਮੀ ਹੋਵੇਗਾ । ਤੌਹੀਦ ਵੀ ਹੋਵੇ ਪਰ ਸ਼ਿਰਕ ਦਾ ਅਗਾਮੀ ਵੀ ਹੋਵੇ । ਇਹ ਕਿਵੇਂ ਹੁੰਦਾ ਹੈ ਇਸ ਦਾ ਵਿਸਥਾਰ ਫ਼ਰਮਾਉਂਦੇ ਹੋਏ ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਇਸ ਦਾ ਕਾਰਣ ਇਹੋ ਹੈ ਕਿ ਲੋਕ ਵਾਹਦਾਨੀਯਤ (ਇਕਾਈ) ਵੱਲ ਜਾਂਦੇ ਹਨ ਇੱਕੋ ਇਕ ਰੱਬ (ਅਹਦੀਯਤ) ਤੱਕ ਨਹੀਂ ਪਹੁੰਚਦੇ । ਹੁਣ ਇਹ ਦੋ ਗੱਲਾਂ ਸਮਝਣ ਵਾਲੀਆਂ ਹਨ । ਵਾਹਦਾਨੀਯ ਅਤੇ ਅਹਦੀਯਤ । ਵਾਹਦਾਨੀਯਤ ਤੋਂ ਭਾਵ ਗੁਣਾ ਵਿੱਚ ਇਕ ਹੈ ਅਤੇ ਰੱਬ ਦੇ ਗੁਣਾ ਦਾ ਇਕ ਹੱਦ ਤੱਕ ਮਨੁੱਖ ਪ੍ਰਤੀਬਿੰਬ ਹੋ ਸਕਦਾ ਹੈ ਅਤੇ ਉਸ ਦੀ ਸਰਬ ਸ਼੍ਰੇਸ਼ਠ ਉਧਾਰਣ ਜੋ ਕਿਸੇ ਮਨੁੱਖ ਵਿੱਚ ਆ ਸਕਦੀ ਹੈ ਉਹ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦਾ ਵੁਜੂਦ ਹੈ, ਪਰ ਗੁਣਾ ਵਿੱਚ ਸੰਪੂਰਨ ਤਾਂ ਕੇਵਲ ਅਤੇ ਕੇਵਲ ਰੱਬ ਦਾ ਵੁਜੂਦ ਹੀ ਹੈ । ਅਤੇ ਅਹਦੀਯਤ ਤੋਂ ਭਾਵ ਰੱਬ ਦਾ ਇਕ ਹੋਣਾ ਹੈ ਅਤੇ ਅਹਦ ਦੇ ਟਾਕਰੇ'ਤੇ ਕਿਸੇ ਦੂਜੀ ਚੀਜ ਦੀ ਕਲਪਨਾ ਵੀ ਨਹੀਂ ਹੋ ਸਕਦੀ । ਇਸ ਲਈ ਜਿਵੇਂ ਕਿ ਮੁਸਲਿਹ ਮਊਦ ਨੇ ਫ਼ਰਮਾਇਆ ਕਿ ਵਾਸਤਵਿਕ ਤੌਹੀਦ (ਇਕ ਈਸ਼ਵਰਵਾਦ) ਉਸ ਸਮੇਂ ਕਾਇਮ ਹੋਵੇਗਾ ਜੱਦ 'ਅਹਦੀਯਤ' ਦੀ ਵਾਸਤਵਿਕਤਾ ਨੂੰ ਅਸੀਂ ਸਮਝਾਂਗੇ । ਅਲੱਾਹ ਤਆਲਾ ਸਾਨੂੰ ਤੌਫ਼ੀਕ ਪ੍ਦਾਨ ਕਰੇ ਕਿ ਅਸੀਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਉਦੇਸ਼ਿਆਂ ਨੂੰ ਪੂਰਾ ਕਰਦਿਆਂ ਹੋਇਆਂ ਹਕੀਕੀ ਤੌਹੀਦ ਦੀ ਸਥਾਪਨਾ ਕਰਨ ਵਾਲੇ ਹੋਈਏ । ਆਮੀਨ ।


**Khulasa Khutba 13.03.2015**

Delivered By : Hadhrat Khalifatul Masih Vth (atba)

Summarized by : Majlis Ansarullah Bharat

Tarnslated by : Shamshad Ahmad Eden, for Punjabi desk

From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131